## ਜਮਾਤ -ਛੇਵੀਂ ਪਾਠ-10 ਕੀੜੀ

## ਸਾਹਿਤ ਰੂਪ-ਕਵਿਤਾ ਲੇਖਕ- ਸ਼੍ਰੀ ਸੁਰਜੀਤ ਸਿੰਘ ਮਰਜਾਰਾ

**ਪ੍ਰਸ਼ਨ (ੳ) ਕੀੜੀ ਕਿਹੋ-ਜਿਹੀ ਦਿਸਦੀ ਹੈ?**

ਉੱਤਰ- ਕੀੜੀ ਨਿੱਕੀ ਜਿਹੀ ਦਿਸਦੀ ਹੈ।ਉਸ ਵਿੱਚ ਮਾਸ ਜਾਂ ਖੱਲ ਵੀ ਨਜ਼ਰ ਨਹੀਂ ਆਉਂਦੀ।



**ਪ੍ਰਸ਼ਨ (ਅ) ਕੀੜੀ ਦੇ ਕੰਮ ਤੇ ਉਸ ਦੀ ਲਗਨ ਕਿਹੋ-ਜਿਹੀ ਹੈ?**

ਉੱਤਰ- ਕੀੜੀ ਦੇ ਕੰਮ ਸਭ ਦਾ ਧਿਆਨ ਖਿੱਚਦੇ ਹਨ।ਉਸ ਦੀ ਲਗਨ ਅਟੁੱਟ ਹੈ।

**ਪ੍ਰਸ਼ਨ (ੲ) ਕੀੜੀਆਂ ਦਾ ਦਲ ਰਲ਼-ਮਿਲ਼ ਕੇ ਕਿਸ ਤਰ੍ਹਾਂ ਰਹਿੰਦਾ ਹੈ?**

ਉੱਤਰ- ਕੀੜੀਆਂ ਦਾ ਦਲ ਆਪਸ ਵਿੱਚ ਰਲ਼-ਮਿਲ਼ ਕੇ ਰਹਿੰਦਾ ਹੈ।ਉਹ ਇੱਕ ਦੂਜੀ ਦਾ ਸਹਾਰਾ ਬਣਦੀਆਂ ਹਨ।



**ਪ੍ਰਸ਼ਨ (ਸ) ਕੀੜੀਆਂ ਗੱਲਾਂ ਕਿਵੇਂ ਕਰਦੀਆਂ ਹਨ?**

ਉੱਤਰ- ਕੀੜੀਆਂ ਇੱਕ ਦੂਜੀ ਦੇ ਮੂੰਹ ਨਾ਼ਲ ਮੂੰਹ ਜੋੜ ਕੇ ਗੱਲਾਂ ਕਰਦੀਆਂ ਹਨ।

**ਪ੍ਰਸ਼ਨ (ਹ) ਕੀੜੀ ਤੋਂ ਸਾਨੂੰ ਕੀ ਸਿੱਖਿਆ ਮਿਲਦੀ ਹੈ?**

ਉੱਤਰ- ਕੀੜੀ ਤੋਂ ਸਾਨੂੰ ਆਪਸ ਵਿੱਚ ਮਿ਼ਲ ਕੇ ਰਹਿਣ ਅਤੇ ਲਗਨ ਤੇ ਮਿਹਨਤ ਨਾ਼ਲ ਕੰਮ ਕਰਨ ਦੀ ਸਿੱਖਿਆ ਮਿ਼ਲਦੀ ਹੈ।

**ਪ੍ਰਸ਼ਨ (ਕ) ਕੀੜੀਆਂ ਆਪਸ ਵਿੱਚ ਕਿਵੇਂ ਰਹਿੰਦੀਆਂ ਹਨ?**

ਉੱਤਰ- ਕੀੜੀਆਂ ਆਪਸ ਵਿੱਚ ਪ੍ਰੇਮ ਪਿਆਰ ਨਾ਼ਲ ਮਿਲ ਕੇ ਰਹਿੰਦੀਆਂ ਹਨ।ਉਹ ਇੱਕ-ਦੂਜੀ ਦੀ ਮਦਦ ਕਰਦੀਆਂ ਹਨ।



**ਪ੍ਰਸ਼ਨ (ਖ) ਕਵੀ ਨੇ ਇਸ ਕਵਿਤਾ ਵਿੱਚ ਕੀ ਸੰਦੇਸ਼ ਦਿੱਤਾ ਹੈ?**

ਉੱਤਰ- ਕਵੀ ਨੇ ਇਸ ਕਵਿਤਾ ਵਿੱਚ ਆਪਣੇ ਕੰਮ ਵਿੱਚ ਨਿਰੰਤਰ ਲੱਗੇ ਰਹਿਣ ਅਤੇ ਦੂਜਿਆਂ ਨਾ਼ਲ ਮਿਲ-ਜੁਲ ਕੇ ਰਹਿਣ ਦਾ ਸੰਦੇਸ਼ ਦਿੱਤਾ ਹੈ।

ਤਿਆਰ ਕਰਤਾ:-
ਅਵਤਾਰ ਸਿੰਘ
ਪੰਜਾਬੀ ਮਾਸਟਰ
ਸਰਕਾਰੀ ਮਿਡਲ
ਸਕੂਲ,ਦੇਧਨਾ
99886-43700

## 2. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ:-

1. ਤਨ – ਕੀੜੀ ਦਾ ਤਨ ਨਿੱਕਾ ਜਿਹਾ ਹੁੰਦਾ ਹੈ।
2. ਜੀਵਨ – ਮਨੁੱਖ ਦਾ ਜੀਵਨ ਸੰਘਰਸ਼ ਭਰਪੂਰ ਹੈ।
3. ਧਰਤੀ – ਧਰਤੀ ਸੂਰਜ ਦੁਆਲ਼ੇ ਘੁੰਮਦੀ ਹੈ।
4. ਕਰਾਰਾ – ਅੱਜ ਭੋਜਨ ਬਹੁਤ ਕਰਾਰਾ ਸੀ।
5. ਭਰੋਸਾ – ਹਮੇਸ਼ਾ ਰੱਬ ‘ਤੇ ਭਰੋਸਾ ਰੱਖੋ।

## 3. ਔਖੇ ਸ਼ਬਦਾਂ ਦੇ ਅਰਥ ਪਾਠ-ਪੁਸਤਕ ਵਿੱਚੋਂ ਪੜ੍ਹ ਕੇ ਵਿਦਿਆਰਥੀ ਆਪ ਸਮਝਣਗੇ:




ਪੰਜਾਬ ਸਕੂਲ ਸਿੱਖਿਆ ਵਿਭਾਗ

ਪੜ੍ਹੋ ਪੰਜਾਬ ਪੜ੍ਹਾਓ ਪੰਜਾਬ

ਤਿਆਰ ਕਰਤਾ:-
ਅਵਤਾਰ ਸਿੰਘ
ਪੰਜਾਬੀ ਮਾਸਟਰ
ਸਰਕਾਰੀ ਮਿਡਲ
ਸਕੂਲ,ਦੇਧਨਾ
99886-43700